2022/05/21

ਸੀ-4
ਜ
29/8/22.

# ਦਫ਼ਤਰ, ਚੋਣਕਾਰ ਰਜਿਸਟਰੇਸ਼ਨ ਅਫ਼ਸਰ,

092 ਬਠਿੰਡਾ ਸ਼ਹਿਰੀ ਵਿਧਾਨ ਸਭਾ ਹਲਕਾ-ਕਮ-ਉਪ ਮੰਡਲ ਮੈਜਿਸਟਰੇਟ, ਬਠਿੰਡਾ
ਕਮਰਾ ਨੰ: 314 ਦੂਜੀ ਮੰਜਲ ਮਿੰਨੀ ਸਕੱਤਰੇਤ, ਬਠਿੰਡਾ।

ਫੋਨ ਨੰ: 0164-2212525
ਜਿੰਮੇਵਾਰ ਬਣੋ,ਵੋਟਰ ਬਣੋ

Email:ero92bathindaurban@gmail.com
ਜਿੰਮੇਵਾਰ ਬਣੋ,ਵੋਟਰ ਬਣੋ

ਹੁਕਮ ਨੰ .1416......./2022 ਚੋਣਾਂ

ਮਿਤੀ: 29-8-2022

ਵੱਲ,

ਸਮੂਹ ਵਿਭਾਗਾਂ ਦੇ ਮੁੱਖੀ,
ਜ਼ਿਲ੍ਹਾ ਬਠਿੰਡਾ।

ਵਿਸ਼ਾ:- **Special Camp Day w.r.t Collection of AAdhaar Data from the electors on voluntary baiss for linking and authentication of electoral rolls data-reg.**

ਹਵਾਲਾ:- ਜ਼ਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਦਾ ਪੱਤਰ ਨੰ: ਚੋਣ-2022/ਪੀ-11268 ਮਿਤੀ:24.08.2022

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵੋਟਰ ਸੂਚੀਆਂ ਦੇ ਡਾਟੇ ਨਾਲ ਆਧਾਰ ਕਾਰਡ ਨੂੰ ਲਿੰਕ ਕਰਨ ਦੇ ਮੰਤਵ ਲਈ ਸੁਪਰਵਾਈਜ਼ਰ ਅਤੇ ਬੀ.ਐਲ.ਓਜ਼ ਵੱਲੋਂ ਆਧਾਰ ਡਾਟਾ ਇਕੱਤਰ ਕਰਨ ਲਈ ਹਰ ਮਹੀਨੇ ਦੇ ਐਤਵਾਰ ਨੂੰ ਪੋਲਿੰਗ ਬੂਥਾਂ ਤੇ ਸਪੈਸ਼ਲ ਕੈਂਪ ਲਗਾਏ ਜਾਣੇ ਹਨ। ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਇਸ ਵਿਧਾਨ ਸਭਾ ਚੋਣ ਹਲਕੇ ਵਿੱਚ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਨੂੰ ਨਿਮਨ ਸ਼ਡਿਊਲ ਅਨੁਸਾਰ ਡਿਊਟੀ ਤੇ ਹਾਜ਼ਿਰ ਹੋਣ ਲਈ ਪਾਬੰਦ ਕੀਤਾ ਜਾਵੇ ਅਤੇ ਜਿਨ੍ਹਾਂ ਬਿਲਡਿੰਗਾਂ ਵਿੱਚ 092 ਬਠਿੰਡਾ ਸ਼ਹਿਰੀ ਵਿਧਾਨ ਸਭਾ ਚੋਣ ਹਲਕੇ ਦੇ ਬੂਥ ਬਣੇ ਹੋਏ ਹਨ, ਉਨ੍ਹਾਂ ਨੂੰ ਸ਼ਡਿਊਲ ਅਨੁਸਾਰ ਉਸ ਦਿਨ ਖੁੱਲ੍ਹਾ ਰੱਖਿਆ ਜਾਵੇ ਅਤੇ ਬੀ.ਐਲ.ਓਜ਼/ਪਬਲਿਕ ਲਈ ਲੋੜੀਂਦੇ ਯੋਗ ਪ੍ਰਬੰਧ ਕੀਤੇ ਜਾਣ। ਸਪੈਸ਼ਲ ਕੈਂਪ ਲਵਾਉਣ ਲਈ ਇਸ ਦਫਤਰ ਵੱਲੋਂ ਨਿਸ਼ਚਿਤ ਕੀਤੀਆਂ ਗਈਆਂ ਮਹੀਨਾਵਾਰ ਮਿਤੀਆਂ ਦਾ ਵੇਰਵਾ ਨਿਮਨ ਅਨੁਸਾਰ ਹੈ:-

| ਲੜੀ ਨੰ: | ਸਾਲ 2022-2023 ਦੇ ਮਹੀਨੇ ਦਾ ਨਾਮ | ਸਪੈਸ਼ਲ ਕੈਂਪਾਂ ਦੀ ਮਿਤੀ |
|---|---|---|
| 1 | ਸਤੰਬਰ, 2022 | 04.09.2022 |
| 2 | ਅਕਤੂਬਰ, 2022 | 16.10.2022 |
| 3 | ਨਵੰਬਰ, 2022 | 20.11.2022 |
| 4 | ਦਸੰਬਰ, 2022 | 04.12.2022 |
| 5 | ਜਨਵਰੀ, 2023 | 08.01.2023 |
| 6 | ਫ਼ਰਵਰੀ, 2023 | 05.02.2023 |
| 7 | ਮਾਰਚ, 2023 | 05.03.2023 |

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਮਿਤੀ:

ਪਿੱਠ ਅੰਕਣ ਨੰ:
ਇਸ ਦਾ ਇੱਕ ਉਤਾਰਾ:
1.ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿਤ ਭੇਜਿਆ ਜਾਂਦਾ ਹੈ ਜੀ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ: ਸੀ-4/1( )2022/121 ਮਿਤੀ 1-9-22

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ (092 ਸ਼ਹਿਰੀ ਬਠਿੰਡਾ) ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਇਕਬਾਲ ਸਿੰਘ
30/8/22

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ। ਜਾ.ਡੀ.